# ਗੁਰਦਿਆਲ ਸਿੰਘ ਦੇ ਨਾਵਲ 'ਆਹਣ' ਵਿੱਚ ਪੇਸ਼ ਕਿਰਸਾਨੀ ਸਮਾਜ

ਮਨਦੀਪ ਕੌਰ

ਪੰਜਾਬ ਖੇਤੀ ਪ੍ਰਧਾਨ ਦੇਸ਼ ਹੈ। ਇੱਥੋਂ ਦੇ ਪਿੰਡਾਂ ਦੀ ਵਧੇਰੇ ਵਸੋਂ ਕਿਰਸਾਨੀ ਸਮਾਜ ਨਾਲ ਸੰਬੰਧਿਤ ਹੈ। ਪੇਂਡੂ ਲੋਕ ਜ਼ਮੀਨੀ ਰਿਸ਼ਤਿਆਂ ਨਾਲ ਬੱਝੇ ਹੋਏ ਹੁੰਦੇ ਹਨ। ਪੰਜਾਬੀ ਨਾਵਲ-ਜਗਤ ਵਿੱਚ ਪੰਜਾਬ ਦੀ ਕਿਰਸਾਨੀ ਨੂੰ ਸੁਚੇਤ-ਅਚੇਤ ਤੌਰ 'ਤੇ ਆਪਣੇ ਨਾਵਲਾਂ ਦਾ ਵਿਸ਼ਾ-ਵਸਤੂ ਬਣਾਉਣ ਵਾਲੇ ਕਈ ਪ੍ਰਮੁੱਖ ਨਾਵਲਕਾਰ ਹਨ, ਜਿਨ੍ਹਾਂ ਵਿੱਚ ਸੰਤ ਸਿੰਘ ਸੇਖੋਂ, ਸੋਹਣ ਸਿੰਘ ਸੀਤਲ, ਕਰਮਜੀਤ ਕੁੱਸਾ, ਰਾਮ ਸਰੂਪ ਅਣਖੀ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ ਆਦਿ ਦੇ ਨਾਂ ਵਰਨਣਯੋਗ ਹਨ। ਇਹਨਾਂ ਨਾਵਲਕਾਰਾਂ ਨੇ ਆਪੋ-ਆਪਣੇ ਨਾਵਲਾਂ ਵਿੱਚ ਕਿਰਸਾਨੀ ਸੰਸਕ੍ਰਿਤੀ ਦੇ ਵਿਭਿੰਨ ਪੱਖਾਂ ਨੂੰ ਅਲੱਗ-ਅਲੱਗ ਦ੍ਰਿਸ਼ਟੀਕੋਣ ਰਾਹੀਂ ਉਜਾਗਰ ਕੀਤਾ ਹੈ।

ਪੰਜਾਬੀ ਕੋਸ਼ਕਾਰੀ ਦੇ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਕਿਰਸਾਨੀ ਦੇ ਅਰਥਾਂ ਨੂੰ ਸਪੱਸ਼ਟ ਕਰਨ ਲਈ ਇਸਦੀ ਪਰਿਭਾਸ਼ਾ ਇਸ ਤਰ੍ਹਾਂ ਪੇਸ਼ ਕੀਤੀ ਹੈ, "ਜੋ ਕ੍ਰਿਸ਼ ਕਰੇ, ਜੋ ਜ਼ਮੀਨ ਵਾਹੇ, ਹਲਵਾਹ, ਕਾਸ਼ਤਕਾਰ।"[1] ਗੁਰਦਿਆਲ ਸਿੰਘ ਪੰਜਾਬੀ ਸਾਹਿਤ ਦਾ ਜਾਣਿਆ-ਪਛਾਣਿਆਂ ਹਸਤਾਖਰ ਹੈ। ਉਹ ਕਿਰਸਾਨੀ ਸਮਾਜ ਦੀਆਂ ਵੱਖ-ਵੱਖ ਪਰਤਾਂ ਖੋਲ੍ਹਣ ਲਈ ਯਤਨਸ਼ੀਲ ਹੈ। ਪ੍ਰਸਤੁਤ ਖੋਜ-ਪੱਤਰ ਵਿੱਚ ਗੁਰਦਿਆਲ ਸਿੰਘ ਦੇ ਨਾਵਲ 'ਆਹਣ' ਵਿਚਲੇ ਕਿਰਸਾਨੀ ਸਮਾਜ ਦੀ ਤਸਵੀਰ ਪੇਸ਼ ਕੀਤੀ ਗਈ ਹੈ। ਗੁਰਦਿਆਲ ਸਿੰਘ (1933-2016) ਨੂੰ ਪੰਜਾਬੀ ਸਾਹਿਤ ਵਿੱਚ 'ਅਣਹੋਇਆਂ ਦਾ ਨਾਵਲਕਾਰ' ਆਖਿਆ ਜਾਂਦਾ ਹੈ। ਉਸਨੇ ਆਪਣੇ ਨਾਵਲਾਂ ਵਿੱਚ ਮਾਲਵਾ ਖੇਤਰ ਦੇ ਪੇਂਡੂ ਕਿਰਸਾਨੀ ਸਮਾਜ ਨੂੰ ਰੂਪਮਾਨ ਕੀਤਾ ਹੈ। ਉਸ ਨੇ ਪੇਂਡੂ ਜੀਵਨ ਦੇ ਨਿਰ-ਭੋਇੰ ਵਰਗ ਦੀਆਂ ਅਕਾਂਖਿਆਵਾਂ ਅਤੇ ਅਤ੍ਰਿਪਤੀਆਂ ਦਾ ਇਕ ਬੜਾ ਸਰਲ ਪਰ ਭਾਵ-ਪਰਤ ਯਥਾਰਥ ਚਿੱਤਰ ਪੇਸ਼ ਕੀਤਾ ਹੈ। "ਯਥਾਰਥਵਾਦ ਦੋ-ਧਾਰੀ ਤਲਵਾਰ ਦੀ ਤਰ੍ਹਾਂ ਕਾਟ ਕਰਦਾ ਹੈ। ਜਿੱਥੇ ਕਿਸੇ ਵਿਅਕਤੀ ਦੀ ਨਿੱਜੀ ਕਿਰਿਆ ਉਸਦੇ ਪਰਿਵਾਰ ਸਾਕ-ਸੰਬੰਧੀਆਂ ਦੇ ਦਾਇਰੇ ਅਤੇ ਸਮਾਜ ਨੂੰ ਪ੍ਰਭਾਵਿਤ ਕਰਦੀ ਹੈ, ਉੱਥੇ ਸਮਾਜਿਕ ਕਿਰਿਆਵਾਂ, ਪ੍ਰਤੀਕਿਰਿਆਵਾਂ ਹਰ ਵਿਅਕਤੀ ਦੇ ਨਿੱਜੀ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ। ਮਨੁੱਖੀ ਵਿਹਾਰ ਅਤੇ ਰਿਸ਼ਤਿਆਂ ਦਾ ਕੋਈ ਵੀ ਅੰਸ਼ ਯਥਾਰਥ ਤੋਂ ਬਾਹਰ ਨਹੀਂ ਰਹਿੰਦਾ। ਯਥਾਰਥਵਾਦੀ ਗਲਪ ਸਾਹਿਤ ਦੇ ਘੇਰੇ ਵਿੱਚ ਮਨੁੱਖੀ ਜੀਵਨ ਅਤੇ ਚੇਤਨਾ ਦਾ ਹਰੇਕ ਰੂਪ ਸ਼ਾਮਿਲ ਹੈ।"[2] ਉਸਦੇ ਪ੍ਰਮੁੱਖ ਨਾਵਲ 'ਮੜੀ ਦਾ ਦੀਵਾ', 'ਅੱਧ ਚਾਨਣੀ ਰਾਤ', 'ਆਥਣ-ਉੱਗਣ', 'ਅੰਨ੍ਹੇ ਘੋੜੇ ਦਾ ਦਾਨ' ਆਦਿ ਕਿਰਸਾਨੀ ਸਮਾਜ ਨਾਲ ਸੰਬੰਧਿਤ ਹਨ। ਉਸਦੇ ਵਧੇਰੇ ਨਾਵਲਾਂ ਵਿੱਚ ਜੱਟ ਤੇ ਸੀਰੀ ਦੇ ਰਿਸ਼ਤੇ ਨੂੰ ਬਿਆਨ ਕੀਤਾ ਗਿਆ ਹੈ। ਉਹ ਆਪਣੇ ਨਾਵਲਾਂ ਵਿੱਚ ਹਮੇਸ਼ਾਂ ਨਿਮਨ ਸ਼੍ਰੇਣੀ ਵੱਲ ਖੜ੍ਹਾ ਵਿਖਾਈ ਦਿੰਦਾ ਹੈ। ਇਹੀ ਕਾਰਣ ਹੈ ਕਿ ਉਸਨੂੰ 'ਅਣਹੋਇਆਂ ਦਾ ਨਾਵਲਕਾਰ' ਆਖਿਆ ਜਾਂਦਾ ਹੈ।

ਗੁਰਦਿਆਲ ਸਿੰਘ ਦੁਆਰਾ ਰਚਿਤ ਨਾਵਲ 'ਆਹਣ' ਦਾ ਵਿਸ਼ਾ ਉਸਦੇ ਬਾਕੀ ਨਾਵਲਾਂ ਨਾਲੋਂ ਅਲੱਗ ਹੈ। ਨਾਵਲ ਵਿੱਚ ਕਿਰਸਾਨੀ ਸਮਾਜ ਵਿੱਚ ਪੇਸ਼ ਹੋਈਆਂ ਸਮੱਸਿਆਵਾਂ ਦਾ ਆਧਾਰ ਆਹਣ ਰੂਪੀ ਕੁਦਰਤੀ ਆਫ਼ਤ ਹੈ। ਕਿਰਸਾਨਾਂ ਦੁਆਰਾ ਬਰਤਾਨਵੀਂ ਸਰਕਾਰ ਨੂੰ ਆਬਿਆਨਾ ਨਾ ਦੇਣ ਕਾਰਣ ਸਰਕਾਰ ਦੁਆਰਾ ਕੀਤੇ ਤਸ਼ੱਦਦ ਦਾ ਸ਼ਿਕਾਰ ਹੋਣਾ ਪੈਂਦਾ ਹੈ। ਨਾਵਲ ਵਿੱਚ 19ਵੀਂ ਸਦੀ ਦੇ ਕਿਰਸਾਨੀ ਸਮਾਜ ਦੀ ਤਸਵੀਰ ਪੇਸ਼ ਕੀਤੀ ਗਈ ਹੈ। ਨਾਵਲ ਦੇ ਅੰਤਰਗਤ ਬਰਤਾਨਵੀ ਹਕੂਮਤ ਅਤੇ ਪੰਜਾਬ ਦੀ ਕਿਰਸਾਨੀ ਵਿਚਕਾਰ ਆਰਥਿਕ-ਸਿਆਸੀ ਟਕਰਾਉ ਨੂੰ ਪੇਸ਼ ਕੀਤਾ ਗਿਆ ਹੈ। ਇਸ ਟਕਰਾਉ ਦੇ ਵਾਪਰਨ ਦਾ ਸਥਾਨ ਰਿਆਸਤ ਨਾਭਾ ਦੀ ਇੱਕ ਮੰਡੀ ਦੇ ਆਲੇ-ਦੁਆਲੇ ਦਾ ਇਲਾਕਾ ਹੈ। ਇਹ ਟਕਰਾਉ ਕਰਮਗੜ੍ਹ ਨਾਂ ਦੇ ਇੱਕ ਕਲਪਿਤ ਪਿੰਡ ਵਿੱਚ ਵਾਪਰਦਾ ਵਿਖਾਇਆ ਗਿਆ ਹੈ। ਆਪਣੇ ਸਾਮਰਾਜੀ ਹਿੱਤਾਂ ਦੀ ਪੂਰਤੀ ਲਈ ਬਰਤਾਨਵੀ ਸਰਕਾਰ ਨੇ ਕਿਰਸਾਨੀ ਨੂੰ ਜ਼ਮੀਨ ਮਾਲਕੀ ਦੇ ਨਿੱਜੀ ਹੱਕ ਦੇ ਦਿੱਤੇ ਸਨ ਪਰ ਆਬਿਆਨਾ ਜ਼ਮੀਨ ਦੀ ਉਪਜ ਦੇ ਆਧਾਰ ਤੇ ਵਸੂਲ ਕਰਨ ਦੀ ਥਾਂ ਜ਼ਮੀਨ ਦੀ ਮਿਣਤੀ ਅਨੁਸਾਰ ਨਕਦੀ ਦੇ ਰੂਪ ਵਿੱਚ ਉਗਰਾਹੇ ਜਾਣ ਦਾ ਕਾਨੂੰਨ ਵੀ ਲਾਗੂ ਕਰ ਦਿੱਤਾ ਸੀ। ਸਿੱਟੇ ਵਜੋਂ ਕੁਦਰਤ ਦੀ ਕਰੋਪੀ ਕਾਰਨ ਫ਼ਸਲਾਂ ਦੀ ਤਬਾਹੀ ਦੇ ਬਾਵਜੂਦ ਇਹ ਟੈਕਸ ਕਿਰਸਾਨਾਂ ਤੋਂ ਜ਼ਬਰੀ ਵਸੂਲ ਕੀਤੇ ਜਾਂਦੇ ਸਨ। ਇਸ ਵਰਤਾਰੇ ਦੇ ਅਮਲੀ ਪ੍ਰਬੰਧ ਲਈ ਹਕੂਮਤ ਨੇ ਮਹਿਕਮਾ ਮਾਲ ਕਾਇਮ ਕਰ ਦਿੱਤਾ ਸੀ, ਜਿਹੜਾ ਪੁਲਿਸ ਦੀ ਮਦਦ ਨਾਲ ਕਿਰਸਾਨਾਂ ਤੋਂ ਉਸ ਸੂਰਤ ਵਿੱਚ ਵੀ ਟੈਕਸ ਵਸੂਲ ਕਰਨਾ ਆਪਣਾ ਫਰਜ਼ ਸਮਝਦਾ ਸੀ, ਜੋ ਕਿਰਸਾਨ ਫ਼ਸਲ ਦੇ ਉਜਾੜੇ ਕਾਰਨ ਅਦਾ ਕਰਨ ਦੇ ਕਾਬਿਲ ਨਹੀਂ ਸੀ ਰਹਿੰਦਾ। ਨਾਵਲ ਵਿੱਚ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ, ਅਮਾਨਵੀ ਵਰਤਾਰੇ, ਖੀਣ ਹੋ ਰਹੇ ਸਮਾਜਿਕ ਅਤੇ ਮਾਨਵੀ ਰਿਸ਼ਤਿਆਂ, ਡੇਰਾ ਪ੍ਰਬੰਧ ਆਦਿ ਸਰੋਕਾਰਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ।

ਮਾਲਵੇ ਵਿੱਚ 'ਆਹਣ' ਟਿੱਡੀ ਦਲ ਨੂੰ ਆਖਦੇ ਹਨ ਤੇ ਲੋਕ ਇਸ ਨੂੰ 'ਆਣ੍ਹ' ਕਹਿ ਕੇ ਉਚਾਰਦੇ ਹਨ। ਇਹ ਟਿੱਡੀ ਦਲ ਸੰਘਣੇਂ ਬੱਦਲਾਂ ਵਾਂਗ ਦਿਨੇਂ ਹੀ ਹਨੇਰਾ ਕਰ ਦਿੰਦਾ ਹੈ। ਇਹ ਜਿਸ ਇਲਾਕੇ ਵਿੱਚ ਬੈਠ ਜਾਂਦਾ ਹੈ, ਸਾਰੀਆਂ ਫ਼ਸਲਾਂ ਨੂੰ ਮਿੰਟਾਂ ਵਿੱਚ ਹੀ ਮੁਕੰਮਲ ਤੌਰ 'ਤੇ ਤਬਾਹ ਕਰ ਦਿੰਦਾ ਹੈ।

ਪਿੰਡ ਦੇ ਲੋਕਾਂ ਦੀ ਰੋਜ਼ੀ-ਰੋਟੀ ਦਾ ਸਾਧਨ ਖੇਤੀਬਾੜੀ ਹੈ। ਨਾਵਲੀ ਕਥਾਨਕ ਵਿੱਚ ਆਹਣ ਦੁਆਰਾ ਫ਼ਸਲਾਂ ਨੂੰ ਨਸ਼ਟ ਕਰਨ ਕਰਕੇ ਲੋਕਾਂ ਨੂੰ ਆਰਥਿਕ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਬਰਤਾਨਵੀਂ ਸਰਕਾਰ ਦੇ ਮੁਲਾਜ਼ਮ (ਨਾਇਬ ਸਾਹਿਬ, ਕਾਨੂੰਗੋ) ਪਿੰਡ ਵਿੱਚ ਫ਼ਸਲਾਂ ਦੇ ਨੁਕਸਾਨ ਸੰਬੰਧੀ ਜਾਇਜ਼ਾ ਲੈਣ ਆਉਂਦੇ ਹਨ। ਗਿਆਨੇ ਦੁਆਰਾ ਨਾਇਬ ਸਾਹਿਬ ਅੱਗੇ ਦਾਨੇ ਬੰਦਿਆਂ ਵਾਂਗ ਗੰਭੀਰਤਾ ਨਾਲ ਉਚਾਰੇ ਗਏ ਨਿਮਨ ਬੋਲ ਪਿੰਡ ਦੇ ਕਿਰਸਾਨਾਂ ਦੀ ਤਰਸਯੋਗ ਹਾਲਤ ਨੂੰ ਬਿਆਨ ਕਰਦੇ ਹਨ :

"ਤੁਸੀਂ ਸਾਨੂੰ ਇਹ ਪੁੱਛਣ ਆਏ ਓਂ ਬਈ ਜਾਣੀਂ ਕੀਦਾ ਕਿੰਨਾ ਨਸ਼ਕਾਨ ਹੋਇਐ।

ਪਹਿਲੀ ਬਾਤ ਤਾਂ ਇਹ ਐ ਬਈ ਥੋਨੂੰ ਪੁੱਛਣਾ ਇਹ ਚਾਹੀਏ ਬਈ ਕਿਸੇ ਦਾ

ਕੁਸ਼ ਬਚਿਆ ਵੀ ਰਹ ਗਿਆ? ਦੂਸਰੀ ਬਾਤ ਜਾਣੀਂ ਸਾਹਬ ਬਹਾਦਰ ਇਹ ਹੈ,

ਬਈ ਤੁਸੀਂ ਆਖਰ ਪਿੰਡ ਦੇ ਖੇਤਾਂ ਵਿਚਲੇ ਰਾਹ ਉੱਤੋਂ ਦੀ-ਈ ਆਏ ਓਂ, ਕਿਸੇ

ਖੇਤ 'ਚ ਜਾੜ੍ਹ ਖੁਰਲਣ ਜੋਗਾ ਡੱਕਾ ਵੀ ਦੇਖਿਐ ਕਿਧਰੇ?"[3]

ਨਾਵਲ ਵਿਚਲੇ ਕਿਰਸਾਨੀ ਸਮਾਜ ਦੀ ਤ੍ਰਾਸਦੀ ਉਸ ਨਾਲ ਵਾਪਰਦੀਆਂ ਅਸਾਵੀਆਂ ਘਟਨਾਵਾਂ ਹਨ। ਸਰਕਾਰ ਆਹਣ ਦੁਆਰਾ ਕੀਤੇ ਗਏ ਨੁਕਸਾਨ ਨੂੰ ਅੱਖੋਂ ਪਰੋਖੇ ਕਰਕੇ ਹਰ ਹਾਲਤ ਵਿੱਚ ਆਬਿਆਨਾ ਇਕੱਠਾ ਕਰਨਾ ਚਾਹੁੰਦੀ ਹੈ। ਪਿੰਡ ਦਾ ਹਰੇਕ ਕਿਰਸਾਨ ਆਬਿਆਨਾ ਦੇ ਸਕਣ ਵਿੱਚ ਅਸਮੱਰਥ ਹੈ। ਪਿੰਡ ਦੇ ਦੋ ਮੋਢੀ ਬਜ਼ੁਰਗ ਸੰਮਣ ਅਤੇ ਦੇਵਾ ਨਾਜ਼ਮ ਕੋਲ ਆਬਿਆਨਾ ਮੁਆਫ਼ੀ ਸੰਬੰਧੀ ਬੇਨਤੀ-ਪੱਤਰ ਲੈ ਕੇ ਜਾਂਦੇ ਹਨ। ਨਾਜ਼ਮ ਇਹਨਾਂ ਕਿਰਸਾਨ ਪਾਤਰਾਂ ਲਈ ਤ੍ਰਿਸਕਾਰਿਤ ਲਹਿਜੇ ਦੇ ਅੰਤਰਗਤ ਨਿਮਨ ਵਾਕ ਦੀ ਉਸਾਰੀ ਕਰਦਾ ਆਖਦਾ ਹੈ :

"ਕੈਸੀ ਅਰਜ਼ ਹੈ- ਬੋਲੋ। ਜਲਦੀ ਬੋਲੋ, ਹਮਾਰੇ ਪਾਸ ਫ਼ਾਲਤੂ ਵਕਤ ਨਹੀਂ ਹੈ, ਉ ਹੂ ਹੂ...।"[4]

ਨਾਜ਼ਮ ਦੁਆਰਾ ਉਚਾਰੇ ਗਏ ਨਿਮਨ ਬੋਲ ਕਿਰਸਾਨੀ ਸਮਾਜ ਪ੍ਰਤੀ ਬੇਪ੍ਰਵਾਹੀ ਨੂੰ ਬਿਆਨ ਕਰਦੇ ਦ੍ਰਿਸ਼ਟੀਗੋਚਰ ਹੁੰਦੇ ਹਨ :

"ਯੇਹ ਬਰਬਾਦੀ ਸਰਕਾਰ ਨੇ ਕੀ ਹੈ..."[5]

"ਤੋ ਸਰਕਾਰ ਆਂਧੀ, ਬਰਸਾਤ, ਗਰਮੀ, ਸਰਦੀ ਕੋ ਭੀ ਰੋਕਨੇ ਕਾ ਇੰਤਜ਼ਾਮ ਕਰੇ।

ਉ-ਹੂ-ਹੂ। ਤੁਮਹਾਰੇ ਘਰੋਂ, ਖੇਤੋਂ ਪਰ ਛਾਤਾ ਤਾਨੇ ਰੱਖੇ, ਹਰ ਵਕਤ!...."[6]

ਪਿੰਡ ਵਿੱਚ ਡੇਰਾਬਾਦ ਕਲਚਰ ਸਪੱਸ਼ਟ ਵਿਖਾਈ ਦਿੰਦਾ ਹੈ। ਲੋਕ ਡੇਰੇ ਦੇ ਸੰਤਾਂ ਦੀ ਇੱਜ਼ਤ ਕਰਦੇ ਹਨ ਕਿਉਂਕਿ ਸੰਤ ਇਹਨਾਂ ਦੇ ਝਗੜੇ ਨਿਬੇੜ ਦਿੰਦੇ ਹਨ ਅਤੇ ਲੋੜ ਪੈਣ ਤੇ ਦਵਾ-ਦਾਰੂ ਵੀ ਕਰ ਦਿੰਦੇ ਹਨ। ਨਾਵਲੀ ਕਥਾਨਕ ਵਿੱਚ ਪੁਲਿਸ ਪਿੰਡ ਦੇ ਪੂਜਨੀਕ ਸੰਤ ਨੂੰ ਮੌਤ ਦੇ ਘਾਟ ਉਤਾਰ ਕੇ ਉਸਦੀ ਲਾਸ਼ ਦਰੱਖਤ ਤੇ ਲਟਕਾ ਦਿੰਦੀ ਹੈ। ਪੁਲਿਸ ਪਿੰਡ ਦੇ ਕਿਰਸਾਨਾਂ ਨੂੰ ਡਰਾਉਣ ਦੇ ਮਕਸਦ ਨਾਲ ਹੀ ਅਜਿਹਾ ਕਰਦੀ ਹੈ ਤਾਂ ਕਿ ਲੋਕ ਇਸ ਖੌਫ਼ਨਾਇਕ ਘਟਨਾ ਤੋਂ ਬਾਅਦ ਮਾਮਲਾ ਦੇਣ ਲਈ ਤਿਆਰ ਹੋ ਜਾਣ। ਪੁਲਿਸ ਮੁਲਾਜ਼ਮ ਲੋਕਾਂ ਦੇ ਘਰਾਂ ਨੂੰ ਸਾੜਨਾ ਸ਼ੁਰੂ ਕਰ ਦਿੰਦੇ ਹਨ। ਪਰਿਵਾਰਕ ਮੈਂਬਰਾਂ ਨੂੰ ਘਰਾਂ ਵਿੱਚੋਂ ਕੱਢ-ਕੱਢ ਕੇ ਕੁੱਟਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਔਰਤਾਂ ਦੀ ਬੇਪੱਤੀ ਕੀਤੀ ਜਾਂਦੀ ਹੈ। ਸਰਕਾਰ ਕਿਰਸਾਨਾਂ ਤੋਂ ਆਬਿਆਨਾ ਇਕੱਠਾ ਕਰਨ ਲਈ ਭੈੜੀ ਤੋਂ ਭੈੜੀ ਹੱਦ ਪਾਰ ਕਰਦੀ ਵਿਖਾਈ ਦਿੰਦੀ ਹੈ।

ਕਿਰਸਾਨੀ ਦਾ ਵਧੇਰੇ ਹਿੱਸਾ ਜੱਟ ਜਾਤੀ ਨਾਲ ਅੰਤਰ-ਸੰਬੰਧਿਤ ਹੈ ਕਿਉਂਕਿ ਭੋਇੰ ਪ੍ਰਾਪਤੀ ਦਾ ਵਧੇਰੇ ਹਿੱਸਾ ਜੱਟ ਜਾਤੀ ਦੇ ਹਿੱਸੇ ਆਇਆ ਹੈ। ਪਰਤਾਪਾ ਜੱਟਾਂ ਦੇ ਜ਼ਮੀਨ ਨਾਲ ਜੁੜੇ ਰਿਸ਼ਤੇ ਸੰਬੰਧੀ ਪੁਸ਼ਟੀ ਕਰਦਾ ਹੈ :

> "ਜਾਰ ਹੋਰ ਹੁਣ ਜਾਈਏ ਕਿੱਧਰ! ਜਦੋਂ ਜੱਟ ਦੀ ਜੂਨ-ਪੈ-ਗੇ, ਤੂੰ ਸਮਝ ਲੈ ਬਈ ਚਾਹੇ ਉਹਨੇ ਪਾ-ਤੇ, ਫੇਰ ਜਮੀਨ ਤੋਂ ਬਿਨਾਂ ਹੋਰ ਕਾਦ੍ਹੀ ਗੱਲ ਕਰੀਏ?"[7]

ਨਾਵਲ ਵਿਚਲੇ ਕਿਰਸਾਨੀ ਪਾਤਰ ਜੱਟ ਜਾਤੀ ਨੂੰ ਕੋਸਦੇ ਨਜ਼ਰ ਆਉਂਦੇ ਹਨ। ਉਹਨਾਂ ਨੂੰ ਇੰਝ ਲੱਗਦਾ ਹੈ ਕਿ ਸਭ ਜੱਟਾਂ ਦੇ ਦੁਸ਼ਮਣ ਹਨ। ਗਰੀਬੀ ਦੇ ਸੰਤਾਪ ਤੋਂ ਸਤਾਇਆ ਹੋਇਆ ਗਿਆਨਾ ਸੱਥ ਵਿੱਚ ਬੈਠ ਕੇ ਜੱਟਾਂ ਨਾਲ ਹੁੰਦੇ ਮਾੜੇ ਪ੍ਰਤੀਕਰਮ ਸੰਬੰਧੀ ਗੁੱਸਾ ਜ਼ਾਹਿਰ ਕਰਦਾ ਹੈ :

> "ਕਦੇ ਜੱਟ ਨੂੰ ਰਾਜ ਮਿਲਦਾ ਸੁਣਿਐ?"[8]

ਜੱਟ ਤੇ ਸੀਰੀ ਦਾ ਰਿਸ਼ਤਾ ਮੁੱਢ ਕਦੀਮ ਤੋਂ ਚਲਦਾ ਆ ਰਿਹਾ ਹੈ। ਇਸ ਜਾਤੀ ਨਾਲ ਹੋਰ ਜਾਤੀਆਂ (ਘੁਮਿਆਰ, ਮੋਚੀ, ਤੇਲੀ, ਤਰਖਾਣ, ਲੁਹਾਰ) ਵੀ ਜੁੜੀਆਂ ਹੋਈਆਂ ਹੁੰਦੀਆਂ ਹਨ, ਜੋ ਖੇਤੀਬਾੜੀ ਨਾਲ ਸੰਬੰਧਿਤ ਸੰਦ ਬਣਾਉਣ ਤੋਂ ਇਲਾਵਾ ਘਰੇਲੂ ਵਸਤਾਂ ਦੀ ਪੂਰਤੀ ਲਈ ਸਹਾਈ ਹੁੰਦੀਆਂ ਹਨ। ਜੱਟ ਜਾਤੀ ਨਿਮਨ ਜਾਤੀ ਨੂੰ ਪੈਰ ਦੀ ਜੁੱਤੀ ਸਮਝਦੀ ਹੈ। ਨਾਵਲ ਵਿਚਲੇ ਨਿਮਨ ਜਾਤੀ ਦੇ ਪਾਤਰ ਰੋਜ਼ੀ ਰੋਟੀ ਕਮਾਉਣ ਦੇ ਵਸੀਲਿਆਂ ਨੂੰ ਲੈ ਕੇ ਪਹਿਲਾਂ ਤੋਂ ਵਧੇਰੇ ਜਾਗਰੂਕ ਵਿਖਾਈ ਦਿੰਦੇ ਹਨ। ਇਹ ਪਾਤਰ ਜੱਟਾਂ ਹੇਠ ਕੰਮ ਕਰਨ ਨਾਲੋਂ ਸ਼ਹਿਰ ਵਿੱਚ ਜਾ ਕੇ ਕੰਮ-ਧੰਦਾ ਕਰਨ ਨੂੰ ਵਧੇਰੇ ਪਹਿਲ ਦਿੰਦੇ ਹਨ। ਸਾਧੂ ਮੋਚੀ ਸੰਤੂ ਘੁਮਿਆਰ ਅੱਗੇ ਆਪਣੇ ਪਿਉ-ਦਾਦਿਆਂ ਨੂੰ ਕਮਲਾ ਆਖਦਾ ਹੋਇਆ ਜੱਟਾਂ ਉੱਤੇ ਵਿਅੰਗਾਤਮਕ ਚੋਭ ਲਗਾਉਂਦਾ ਹੈ :

> "ਆਪਣੇ ਪਿਉ-ਦਾਦੇ ਤਾਂ ਕਮਲੇ ਸੀ, ਜੇੜ੍ਹੇ ਸਾਰੀ ਉਮਰ ਜੱਟਾਂ ਦੀ ਸੇਪੀ ਕਰਦੇ ਆਪਣੇ ਹੱਡ ਗਾਲਦੇ ਰਹੇ।
>
> ਇਹ ਜੱਟ ਕੌਮ ਹੈ ਈ ਐਸੀ ਬਈ ਨਾਲੇ ਘੂਰਦੀ ਐ ਨਾਲੇ ਖਾਂਦੀ ਐ। ਤੈਨੂੰ ਮੈਨੂੰ ਤਾਂ ਜੱਟ ਬੰਦੇ ਈ ਨੀ ਸਮਝਦੇ- ਕਿ ਸਮਝਦੈ ਐ?... ਬਸ ਫੇਰ।"[9]

ਜਦੋਂ ਕਿਸੇ ਸਮਾਜ ਵਿੱਚ ਜ਼ੁਲਮ ਦੀ ਹੱਦ ਪਾਰ ਹੋ ਜਾਂਦੀ ਹੈ ਤਾਂ ਉਸ ਸਮਾਜ ਵਿੱਚ ਹੀ ਅੱਤਵਾਦੀ ਲਹਿਰਾਂ ਪੈਦਾ ਹੁੰਦੀਆਂ ਹਨ। ਸਰਕਾਰ ਦੁਆਰਾ ਕਿਰਸਾਨਾਂ ਉੱਤੇ ਕੀਤਾ ਜਾਂਦਾ ਤਸ਼ੱਦਦ ਗੱਭਰੂਆਂ ਲਈ ਸਹਿਣ ਕਰਨਾ ਅਸੰਭਵ ਹੁੰਦਾ ਜਾਂਦਾ ਹੈ। ਉਹ ਸਰਕਾਰ ਨੂੰ ਕਿਸੇ ਵੀ ਹਾਲਤ ਵਿੱਚ ਸਬਕ ਸਿਖਾਉਣ ਲਈ ਤਤਪਰ ਹੁੰਦੇ ਵਿਖਾਈ ਦਿੰਦੇ ਹਨ। ਸੰਮਣ ਸਰਕਾਰ ਵਿਰੁੱਧ ਕਾਰਵਾਈ ਕਰਨ ਲਈ ਜੋਸ਼ ਵਿੱਚ ਆਏ ਹੋਏ ਨੌਜਵਾਨ ਮੁੰਡਿਆਂ ਦੀ ਨਬਜ਼ ਪਹਿਚਾਣ ਕੇ ਸਿਆਣਪ ਤੋਂ ਕੰਮ ਲੈਂਦਾ ਆਖਦਾ ਹੈ ਕਿ ਜੇ ਪੁਲਿਸ ਆਪਣੀ ਆਈ ਤੇ ਆ ਗਈ ਤਾਂ ਕਦੇ ਸੁੱਤਿਆਂ ਨੂੰ ਹੀ ਦਬਾ ਲਵੇਗੀ। ਕਰਨੈਲ ਰੇਡੂ ਸਥਿਰ ਆਵਾਜ਼ ਵਿੱਚ ਨਿਮਨ ਜਵਾਬ ਦਿੰਦਾ ਹੈ ਪਰ ਉਸ ਦੁਆਰਾ ਉਚਾਰੇ ਗਏ ਬੋਲ ਕਿਸੇ ਕਰਵਾਈ ਨੂੰ ਅੰਜਾਮ ਦੇਣ ਨਾਲ ਸੰਬੰਧਿਤ ਦ੍ਰਿਸ਼ਟੀਗੋਚਰ ਹੁੰਦੇ ਹਨ, ਜ਼ਰਾ ਵੇਖੋ :

> "ਤੇ ਜੇ ਭਲਾਂ ਅਸੀਂ ਸੁੱਤੇ ਈ ਨਾ?"[10]

ਨਾਵਲ ਵਿੱਚ ਕਾਲੂ (ਬੱਚਾ ਪਾਤਰ) ਦੇ ਘਰ ਵਿੱਚ ਅਜਿਹੇ ਹਾਲਾਤ ਬਣਦੇ ਹਨ ਜੋ ਉਸਦੀ ਮਾਨਸਿਕਤਾ ਵਿੱਚੋਂ ਬਚਪਨਾ ਕੱਢ ਕੇ ਜ਼ਿੰਦਗੀ ਦਾ ਭਿਆਨਕ ਤਜ਼ਰਬਾ ਭਰ ਦਿੰਦੇ ਹਨ। ਜਿੱਥੇ ਪੁਲਿਸ ਆਬਿਆਨਾ ਨਾ ਦੇਣ ਕਾਰਨ ਹੋਰ ਕਿਰਸਾਨਾਂ ਦੀ ਕੁੱਟ-ਮਾਰ ਕਰਦੀ ਹੈ, ਉੱਥੇ ਕਾਲੂ ਹੋਰਾਂ ਦੇ ਘਰ ਨੂੰ ਵੀ ਸਾੜ ਦਿੱਤਾ ਜਾਂਦਾ ਹੈ ਅਤੇ ਉਸਦੀ ਮਾਂ ਦੀ ਬੇਪੱਤੀ ਕੀਤੀ ਜਾਂਦੀ ਹੈ। ਕਾਲੂ ਦੇ ਵੀ ਸੱਟਾਂ ਲੱਗਦੀਆਂ ਹਨ। ਉਹ ਆਪਣੇ ਗਵਾਂਢੀ ਮੋਹਣੇ ਅੱਗੇ ਤਿੱਖੀ ਆਵਾਜ਼ ਵਿੱਚ ਚੀਕ ਕੇ ਆਖਦਾ ਹੈ :

"ਕੋਈ ਨੀਂ.... ਮੈਂ ਬੀ, ਗਿਣ-ਗਿਣ, ਗਿਣ-ਗਿਣ ਕੇ ਬਦ ਲੇ ਲਊਂ... ਉਹਨਾਂ ਤੋਂ।"[11]

ਇਸ ਪ੍ਰਕਾਰ ਪੁਲਿਸ ਦੁਆਰਾ ਕੀਤਾ ਗਿਆ ਤਸ਼ੱਦਦ ਇੱਕ ਬੱਚੇ ਦੇ ਦਿਮਾਗ ਵਿੱਚੋਂ ਬਚਪਨਾ ਕੱਢ ਕੇ ਜਹਿਰ ਭਰ ਦਿੰਦਾ ਹੈ। ਕਮਜ਼ੋਰ ਆਰਥਿਕਤਾ ਨਿਮਨ ਕਿਰਸਾਨੀ ਸੰਕਟਾਂ ਦਾ ਧੁਰਾ ਹੈ। ਇਹ ਅਸਾਵੀਂ ਆਰਥਿਕਤਾ ਪਾਤਰਾਂ ਦੇ ਮਾਨਸਿਕ ਸੰਤਾਪ ਦਾ ਕਾਰਣ ਬਣਦੀ ਹੈ। ਜਿਸ ਕਰਕੇ ਪਾਤਰ ਮਾਨਸਿਕ ਗੁੰਝਲਾਂ ਵਿੱਚ ਫਸੇ ਹੋਏ ਵਿਖਾਈ ਦਿੰਦੇ ਹਨ।

ਕਿਸੇ ਵਿਅਕਤੀ ਦੀ ਮਾਨਸਿਕ ਸਥਿਤੀ ਉਸਦੀ ਸ਼ਬਦਾਵਲੀ ਨੂੰ ਪ੍ਰਭਾਵਿਤ ਕਰਦੀ ਹੈ। ਕਿਰਸਾਨੀ ਸਮਾਜ ਦੀ ਤ੍ਰਾਸਦੀ ਕਾਰਨ ਪਾਤਰਾਂ ਦੇ ਭਾਸ਼ਾਈ ਵਰਤਾਰੇ ਵਿੱਚ ਅਪਭਾਸ਼ਾਈ ਸ਼ਬਦਾਂ ਦੀ ਭਰਮਾਰ ਮਿਲਦੀ ਹੈ। ਕੁਦਰਤੀ ਕਹਿਰ ਪਿੰਡ ਦੇ ਲੋਕਾਂ ਦੀ ਮਾਨਸਿਕਤਾ ਤੇ ਗਹਿਰਾ ਅਸਰ ਕਰ ਜਾਂਦਾ ਹੈ, ਜਿਸ ਕਰਕੇ ਕੋਈ ਕਿਸੇ ਨਾਲ ਹੱਸ ਕੇ ਗੱਲ ਨਹੀਂ ਕਰਦਾ। ਇਸ ਤਰ੍ਹਾਂ ਕਮਜ਼ੋਰ ਆਰਥਿਕਤਾ ਦੀ ਸ਼ਿਕਾਰ ਕਿਰਸਾਨੀ ਕੁਦਰਤੀ ਆਫ਼ਤ ਕਾਰਨ ਫ਼ਸਲਾਂ ਦੇ ਨੁਕਸਾਨ, ਖਿੰਡ ਰਹੀ ਮਾਨਸਿਕਤਾ ਅਤੇ ਸਰਕਾਰ ਦੁਆਰਾ ਕੀਤੇ ਜਾਂਦੇ ਤਸ਼ੱਦਦ ਦਾ ਸੰਤਾਪ ਭੋਗਦੇ ਹੋਏ ਸਰਕਾਰ ਤੋਂ ਨਾਬਰ ਹੁੰਦੀ ਵਿਖਾਈ ਦਿੰਦੀ ਹੈ।

## ਹਵਾਲੇ ਅਤੇ ਟਿੱਪਣੀਆਂ

1 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 2011, ਪੰਨਾ-329.

2 ਗੁਰਦਿਆਲ ਸਿੰਘ, ਲੇਖਕ ਦਾ ਅਨੁਭਵ ਤੇ ਸਿਰਜਣ-ਪਰਕਿਰਿਆ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ-62.

3 ਗੁਰਦਿਆਲ ਸਿੰਘ, ਆਹਣ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010, ਪੰਨਾ-28.

4 ਉਹੀ, ਪੰਨਾ-84.

5 ਉਹੀ, ਪੰਨਾ-84.

6 ਉਹੀ, ਪੰਨਾ-85.

7 ਉਹੀ, ਪੰਨਾ-105.

8 ਉਹੀ, ਪੰਨਾ-13.

9 ਉਹੀ, ਪੰਨਾ-331.

10 ਉਹੀ, ਪੰਨਾ-32.

11 ਉਹੀ, ਪੰਨਾ-154.